focus on facts

# ਕਾਰਖਾਨਿਆਂ ਵਿਚ ਵਰਤੇ ਜਾਣ ਵਾਲੇ ਰਸਾਇਣਕ ਪਦਾਰਥ ਤੁਹਾਨੂੰ ਕਿਵੇਂ ਨੁਕਸਾਨ ਪਹੁੰਚਾਅ ਸਕਦੇ ਹਨ

ਮੈਨੀਟੋਬਾ ਦੇ ਕਾਰਖਾਨਿਆਂ ਵਿਚ ਹਜਾਰਾਂ ਹੀ ਰਸਾਇਣਕ ਪਦਾਰਥ ਵਰਤੇ ਜਾਂਦੇ ਹਨ। ਇਹ ਉਤਪਤੀ ਵਿਚ ਵਰਤੇ ਜਾਣ ਵਾਲਾ ਕੱਚਾ ਮਾਲ ਭੀ ਹੋ ਸਕਦਾ ਹੈ ਅਤੇ ਉਤਪਤੀ ਭੀ । ਦੂਸਰੇ ਰਸਾਇਣਕ ਪਦਾਰਥ ਜੋ ਕੰਮ ਦੀ ਪ੍ਰਕਿਰਿਆ ਵਿਚ ਵਰਤੇ ਜਾਂਦੇ ਹਨ, ਜਿਵੇਂ ਸਫਾਈ ਲਈ ਜਾਂ ਰਵਾਂ ਕਰਨ ਲਈ ।ਇਸ ਤੋ ਇਲਾਵਾ ਹੋਰ ਸਨਅਤਕਾਰੀ ਦੇ ਉਪ-ਪਦਾਰਥ ਭੀ ਹਨ ।

ਰਸਾਇਣਕ ਪਦਾਰਥ ਕਈ ਸ਼ਕਲਾਂ ਵਿਚ ਮਿਲਦੇ ਹਨ । ਠੋਸ, ਤਰਲ, ਭਾਫ, ਗੈਸ, ਗਰਦ, ਤੇ ਧੁੰਦ। ਅਸੀਂ ਆਮ ਤੌਰ ਤੇ ਰਸਇਣਕ ਪਦਾਰਥ ਨੂੰ ਤਰਲ ਦੇ ਰੂਪ ਵਿਚ ਸੋਚਦੇ ਹਾਂ ਜਿਵੇਂ ਤੇਜਾਬ, ਘੋਲ, ਜਾਂ ਤੇਲ, ਜਾਂ ਗੈਸ ਜਿਵੇਂ ਕਾਰਬਨ ਮੋਨੋ-ਅਕਸਾਈਡ ਜਾਂ ਆਕਸੀਜਨ। ਫਿਰ ਭੀ ਧਾਤਾਂ ਜਿਵੇਂ ਸਿੱਕਾ, ਨਿਕਲ, ਜਾਂ ਖਣਜ ਪਦਾਰਥ ਜਿਵੇਂ ਇਸਬਸਟਾਸ, ਸਿਲਿਕਾ(ਇਕ ਪਥਰੀਲਾ ਪਦਾਰਥ) ਭੀ ਰਸਾਇਣਕ ਪਦਾਰਥ ਹਨ।

ਬਹੁਤ ਸਾਰੇ ਰਸਾਇਣਕ ਪਦਾਰਥ ਤੁਹਾਨੂੰ ਬੀਮਾਰ ਕਰ ਸਕਦੇ ਹਨ। ਉਨਾਂ ਦੇ ਸੰਪਰਕ ਵਿਚ ਆਉਣ ਤੇ ਕਈ ਉਸੇ ਸਮੇਂ, ਤੇ ਕਈ ਕੁੱਝ ਘੰਟਿਆਂ ਬਾਦ ਤੁਹਾਨੂੰ ਬੀਮਾਰ ਕਰ ਸਕਦੇ ਹਨ।ਕਿਸੇ ਰਸਾਇਣਕ ਪਦਾਰਥ ਤੋਂ ਤੁਹਾਨੂੰ ਸਿਰ ਦਰਦ ਤੇ ਅਸਤੁਲਨ ਹੋ ਸਕਦਾ ਹੈ ਅਤੇ ਦੂਸਰੇ ਤੋਂ ਅੱਖਾਂ ਵਿਚ ਚੱਬਕ ਸ਼ੁਰੂ ਹੋ ਸਕਦੀ ਹੈ। ਕਈ ਰਸਾਇਣਕ ਪਦਾਰਥ ਬੇਹੋਸ਼ੀ ਜਾਂ ਮੌਤ ਦਾ ਕਾਰਨ ਭੀ ਬਣ ਸਕਦੇ ਹਨ। ਕਈ ਰਸਾਇਣਕ ਪਦਾਰਥ ਤੁਹਾਨੂੰ ਉਨਾਂ ਦੇ ਸੰਪਰਕ ਵਿਚ ਆਉਣ ਤੋਂ ਕਈ ਸਾਲ ਬਾਦ ਵੀ ਬੀਮਾਰ ਕਰ ਸਕਦੇ ਹਨ। ਉਦਾਹਰਣ ਦੇ ਤੌਰ ਤੇ ਇਹ ਰਸਾਇਣਕ ਪਦਾਰਥ ਤੁਹਾਨੂੰ ਕੈਂਸਰ, ਗੁਰਦਿਆਂ ਦੀ ਬੀਮਾਰੀ ਤੇ ਨਾੜੀਆਂ ਨੂੰ ਨੁਕਸਾਨ ਪਹੁਚਾਅ ਸਕਦੇ ਹਨ।

ਤੁਹਾਡਾ ਬੀਮਾਰ ਹੋਣਾਂ ਇਨਾਂ ਤੱਤਾਂ ਤੇ ਨਿਰਭਰ ਹੈ :

- ਜੇਕਰ ਰਸਾਇਣਕ ਪਦਾਰਥ ਤੁਹਾਡੇ ਸ਼ਰੀਰ ਵਿਚ ਦਾਖਲ ਕਰ ਜਾਵੇ।
- ਤੁਹਾਡੇ ਸੰਪਰਕ ਵਿਚ ਰਸਾਇਣਕ ਪਦਾਰਥ ਕਿੰਨੀ ਮਿਕਦਾਰ ਵਿਚ ਆਉਂਦਾ ਹੈ।
- ਤੁਸੀਂ ਕਿਨੇ ਸਮੇਂ ਲਈ ਰਸਾਇਣਕ ਪਦਾਰਥ ਦੇ ਸੰਪਰਕ ਵਿਚ ਰਹਿੰਦੇ ਹੋ।
- ਇਹ ਰਸਾਇਣਕ ਪਦਾਰਥ ਕਿਨੇ ਕੁ ਜਹਿਰੀਲੇ ਹਨ।

ਰਸਾਇਣਕ ਪਦਾਰਥ ਤੁਹਾਡੇ ਸ਼ਰੀਰ ਵਿਚ ਤਿਨ ਮੁੱਖ ਤਰੀਕਿਆਂ ਨਾਲ ਪ੍ਰਵੇਸ਼ ਕਰ ਸਕਦਾ ਹੈ:



ਸਾਹ ਰਾਹੀਂ



ਤੁਹਾਡੀ ਚਮੜੀ ਰਾਹੀਂ



ਮੂੰਹ ਰਾਹੀਂ

ਹਰ ਸਾਹ ਜੋ ਤੁਸੀ ਲੈਂਦੇ ਹੋ!!



ਜਿਆਦਾਤਰ ਕੰਮ ਤੇ ਰਸਾਇਣਕ ਪਦਾਰਥ ਤੁਸੀਂ ਆਪਣੇ ਸ਼ਰੀਰ ਵਿਚ ਸਾਹ ਰਾਹੀਂ ਖਿੱਚ ਕੇ ਪ੍ਰਵੇਸ਼ ਕਰਾਉਂਦੇ ਹੋ। ਇਹ ਤਾਂ ਹੁੰਦਾ ਹੈ ਜੇਕਰ ਰਸਾਇਣਕ ਪਦਾਰਥ ਹਵਾ ਵਿਚ ਹੋਣ ਜਿਵੇਂ ਗਰਦ, ਭਾਫ , ਗੈਸ ਜਾਂ ਧੁੰਦ।

ਪਦਾਰਥ ਜੋ ਫੇਫੜਿਆਂ ਲਈ ਨੁਕਸਾਨ ਦੇਹ ਹਨ:

- ਇਸਬਸਟਾਸ
- ਸਿਲਿਕਾ
- ਵੈਲਡਿੰਗ ਦਾ ਧੂੰਆਂ
- ਟੋਲੁਈਨ ਡਿਸੋਸਾਏਨੇਟਸ

ਪਦਾਰਥ ਜੋ ਦਿਮਾਗ ਤੇ ਨਸ-ਪ੍ਰਨਾਲੀ ਨੂੰ ਨੁਕਸਾਨ ਦੇਹ ਹਨ:

- ਬਨਸਪਤੀ ਘੋਲ
- ਸਿੱਕਾ
- ਬਨਸਪਤੀ ਪਾਰਾ
- ਕਾਰਬਨ ਮੋਨੋ-ਅਕਸਾਈਡ
- ਮੈਗੇਨੀਜ

ਪਦਾਰਥ ਜੋ ਗੁਰਦਿਆਂ ਨੂੰ ਨੁਕਸਾਨ ਦੇਹ ਹਨ

- ਸਿੱਕਾ
- ਕੈਡੇਮੀਅਮ
- ਸੰਖੀਆ

ਪਦਾਰਥ ਜੋ ਸੰਤਾਨ ਉਤਪਤੀ ਲਈ ਨੁਕਸਾਨ ਦੇਹ ਹਨ:

- ਸਿੱਕਾ
- ਕੁੱਝ ਬਨਸਪਤੀ ਘੋਲ
- ਕੀੜੇ ਮਾਰ ਦਵਾਈਆਂ

ਪਦਾਰਥ ਜੋ ਤੁਹਾਡੇ ਮਿਹਦੇ ਲਈ ਨੁਕਸਾਨ ਦੇਹ ਹਨ:

- ਸੰਖੀਆ
- ਟਰਿਚਲੋਰੋਥਲੀਨ
- ਪਰਕਲੋਰੋਥਲੀਨ
- ਡਾਇਮਥਿਲਫਾਰਮੇਮਾਈਡ
- ਦੂਸਰੇ ਬਨਸਪਤੀ ਘੋਲ

OHC
MFL Occupational Health Centre
Published by the MFL Occupational Health Centre • 102-275 Broadway • Winnipeg MB • R3C 4M6 • 949-0811

UNION UFCW LABEL LOCAL 832

ਤੁਹਾਡੀਆਂ ਨਾਸਾਂ ਅਤੇ ਹੋਰ ਵੱਡੀਆਂ ਸਾਹ ਰਗਾਂ ਵਿਚ ਲੱਗਾ ਮਾਸ ਵੱਡੀਆਂ ਚੀਜਾਂ ਨੂੰ ਸਾਹ ਰਾਹੀਂ ਅੰਦਰ ਜਾਣ ਤੋਂ ਰੋਕਦਾ ਹੈ। ਇਹ ਚੀਜਾਂ ਨੱਕ ਸੁਨਕਣ ਨਾਲ, ਖੰਘ ਰਾਹੀ, ਨਿੱਛ ਰਾਹੀਂ ਜਾਂ ਅਪਣਾਂ ਥੁੱਕ ਅੰਦਰ ਲੰਘਾਉਣ ਨਾਲ ਸਾਹ ਰਗਾਂ ਵਿਚੋਂ ਨਿਕਲ ਜਾਂਦੀਆਂ ਹਨ। ਖਾਸ ਕਰਕੇ ਬਰੀਕ ਮਾਦਾ ਜੋ ਦਿਖਾਈ ਨਹੀ ਦਿੰਦਾਂ ਤੁਹਾਡੇ ਫੇਫੜਿਆਂ ਵਿਚ ਅਸਾਨੀ ਨਾਲ ਦਾਖਲ ਹੋਣ ਦੀ ਸਮਰੱਥਾ ਰਖਦਾ ਹੈ।

ਇਕ ਵਾਰ ਫੇਫੜਿਆਂ ਵਿਚ ਦਾਖਲ ਹੋਣ ਉਪਰੰਤ ਇਹ ਉਥੇ ਹੀ ਰਹਿੰਦਾ ਹੈ ਤੇ ਨੁਕਸਾਨ ਪਹੁਚਾਉਂਦਾ ਹੈ।ਇਹ ਫੇਫੜਿਆਂ ਵਿਚ ਖੁਰਕ ਅਤੇ ਜਖਮ ਕਰ ਦਿੰਦਾ ਹੈ , ਜਿਆਦਾ ਬਲਗਮ ਸਾਹ ਨਾੜੀਆਂ ਨੂੰ ਤੰਗ ਕਰ ਦਿੰਦਾ ਹੈ ਤੇ ਕੈਂਸਰ ਦਾ ਕਾਰਨ ਬਣਦਾ ਹੈ।

ਸਾਹ ਰਾਹੀਂ ਪ੍ਰਵੇਸ਼ ਕਈ ਰਸਾਇਣਕ ਪਦਾਰਥ ਫੇਫੜਿਆਂ ਨੂੰ ਤਾਂ ਘੱਟ ਨੁਕਸਾਨ ਪਹੁੰਚਾਉਦੇ ਹਨ ਪਰ ਖੂੰਨ ਦੇ ਪ੍ਰਵਾਹ ਵਿਚ ਰਲ ਜਾਂਦੇ ਹਨ ਤੇ ਸ਼ਰੀਰ ਦੇ ਦੂਸਰੇ ਅੰਗਾਂ ਨੂੰ ਨੁਕਸਾਨ ਪਹੁੰਚਾਉਦੇ ਹਨ।

**ਚਮੜੀ ਦੀ ਡੂਘਿੰਆਈ ਨਾਲੋ ਜਿਆਦਾ:**



ਚਮੜੀ ਸਾਡੇ ਸ਼ਰੀਰ ਦੀ ਸੁਰੱਖਿਆ ਲਈ ਇਕ ਢਾਲ ਹੈ।ਇਹ ਤੇਲ ਪੈਦਾ ਕਰਕੇ ਚਮੜੀ ਦੀ ਨਮੀ ਨੂੰ ਬਰਕਰਾਰ ਰੱਖਦੀ ਹੈ। ਜੇਕਰ ਤੇਲ ਨੂੰ ਉਤਾਰ ਦਿਤਾ ਜਾਵੇ ਤਾਂ ਚਮੜੀ ਦੂਸਰੇ ਕਿਟਾਣੂਆਂ ਤੇ ਰਸਾਇਣਕ ਪਦਾਰਥਾਂ ਤੋਂ ਬਚਾਉਣ ਲਈ ਇਕ ਘਟੀਆ ਢਾਲ ਬਣ ਜਾਵੇਗੀ। ਜਖਮਾਂ ਅਤੇ ਝਰੀਟਾਂ ਦਾ ਵੀ ਇਹੀ ਅਸਰ ਹੁੰਦਾ ਹੈ, ਇਨ੍ਹਾ ਰਾਹੀਂ ਅਗਰ ਰਸਾਇਣਕ ਪਦਾਰਥ ਪ੍ਰਵੇਸ਼ ਕਰ ਜਾਣ ਤਾਂ ਉਹ ਖੂੰਨ ਪ੍ਰਵਾਹ ਵਿਚ ਰਲ ਕੇ ਸ਼ਰੀਰ ਦੇ ਦੂਸਰੇ ਅੰਗਾਂ ਦਾ ਨੁਕਸਾਨ ਕਰ ਸਕਦੇ ਹਨ।

ਰਸਾਇਣਕ ਪਦਾਰਥ ਸਿਧੇ ਤੋਰ ਤੇ ਵੀ ਚਮੜੀ ਨੂੰ ਨੁਕਸਾਨ ਪਹੁੰਚਾਅ ਸਕਦੇ ਹਨ ਜਿਵੇ: ਖੁਰਕ, ਜਲਣ, ਐਲਰਜੀ

**ਪੇਟ ਦਾ ਪ੍ਰਤੀਕਰਮ**



ਕੰਮ ਉਤੇ ਰਸਾਇਣਕ ਪਦਾਰਥਾਂ ਦਾ ਸ਼ਰੀਰ ਵਿਚ ਦਾਖਲ ਹੋਣ ਦਾ ਤਰੀਕਾ ਹੈ ਮੂੰਹ ਰਾਹੀ। ਲੋਕ ਕੰਮ ਉਤੇ ਰਸਾਇਣਕ ਪਦਾਰਥ ਖਾਦੇ ਜਾਂ ਪੀਂਦੇ ਨਹੀਂ। ਵਾਸ਼ਰੂਮ ਦੀਆਂ ਵਾਜਬ ਸਹੂਲਤਾਂ ਨਾ ਹੋਣ ਕਰਕੇ ਜੇ ਕਰ ਤੁਸੀਂ ਅਪਣੇ ਹੱਥ ਚੰਗੀ ਤਰਾਂ ਨਹੀਂ ਧੋ ਸਕਦੇ ਜਾਂ ਤੁਸੀਂ ਅਪਣੇ ਕੰਮ ਕਰਨ ਵਾਲੀ ਹੀ ਥਾਂ ਤੇ ਬੈਠ ਕੇ ਖਾਣਾਂ ਖਾਂਦੇ ਹੋ, ਤੁਹਾਡਾ ਖਾਣਾਂ ਉਨ੍ਹਾਂ ਰਸਾਇਣਕ ਪਦਾਰਥਾਂ ਨਾਲ ਜਹਿਰੀਲਾ ਹੋ ਜਾਂਦਾ ਹੈ ਜੋ ਤੁਸੀਂ ਕੰਮ ਵਿਚ ਵਰਤਦੇ ਹੋ। ਬਲਗਮ ਵਿਚ ਰਲੇ ਹੋਏ ਰਸਾਇਣਕ ਪਦਾਰਥ ਫੇਫੜਿਆਂ ਨੂੰ ਸਾਫ ਕਰਦਿਆਂ ਤੁਹਾਡੇ ਅੰਦਰ ਪ੍ਰਵੇਸ਼ ਕਰ ਜਾਂਦੇ ਹਨ।

**ਸਾਰੇ ਬਰਾਬਰ ਨਹੀਂ**

ਸਾਰੇ ਰਸਾਇਣਕ ਪਦਾਰਥ ਸਾਰੇ ਸ਼ਰੀਰ ਦੇ ਅੰਗਾਂ ਨੂੰ ਨੁਕਸਾਨ ਨਹੀ ਪਹੁੰਚਾਉਦੇ ਅਤੇ ਨਾਂ ਹੀ ਸਾਰੇ ਰਸਾਇਣਕ ਪਦਾਰਥ ਸਾਰੇ ਸ਼ਰੀਰਕ ਰਸਤਿਆਂ ਰਾਹੀਂ ਪ੍ਰਵੇਸ਼ ਹੁੰਦੇ ਹਨ।ਹਰ ਰਸਾਇਣਕ ਪਦਾਰਥ ਦੀ ਨੁਕਸਾਨ ਪਹੁੰਚਾਉਣ ਦੀ ਸਮਰੱਥਾ ਉਸ ਦੀ ਵੱਖਰੀ ਵੱਖਰੀ ਮਿਕਦਾਰ ਤੇ ਨਿਰਭਰ ਕਰਦੀ ਹੈ

ਇਹ ਬਹੁਤ ਘੱਟ ਹੁੰਦਾ ਹੈ ਕਿ ਕੰਮ ਉਤੇ ਲੋਕਾਂ ਦਾ ਸੰਪਰਕ ਸਿਰਫ ਇਕ ਹੀ ਰਸਾਇਣਕ ਪਦਾਰਥ ਨਾਲ ਹੋਵੇ। ਕਈ ਰਸਾਇਣਕ ਪਦਾਰਥ ਇਕੱਠੇ ਹੋ ਕੇ ਸ਼ਰੀਰ ਵਿਚ ਕੰਮ ਕਰਦੇ ਹਨ ਤੇ ਅਸਰ ਵਧਦਾ ਰਹਿੰਦਾ ਹੈ।ਕਈ ਵਾਰ ਇਕੱਲੇ ਇਕੱਲੇ ਰਸਾਇਣਕ ਪਦਾਰਥ ਦਾ ਅਸਰ ਬਹੁਤ ਘੱਟ ਹੁੰਦਾ ਹੈ ਤੇ ਜੇਕਰ ਇਕੱਠਿਆਂ ਨਾਲ ਸੰਪਰਕ ਹੋ ਜਾਵੇ ਤਾਂ ਬਹੁਤ ਭਿਆਨਕ ਅਸਰ ਹੋ ਜਾਂਦਾ ਹੈ।

ਅਜਿਹੇ ਕਈ ਰਸਾਇਣਕ ਪਦਾਰਥ ਭੀ ਹਨ ਜਿਨਾਂ ਦੇ ਸੰਭਾਵਕ ਸਿਹਤ ਅਸਰਾਂ ਦਾ ਅਜੇ ਪਤਾ ਨਹੀਂ ਹੈ।ਅਜਿਹੇ ਮਾਮਲੇ ਵਿਚ ਉਨ੍ਹਾ ਨੂੰ ਹਾਨੀਕਾਰਕ ਹੀ ਸਮਝਿਆ ਜਾਵੇ ਜਦ ਤੱਕ ਕਿ ਉਨ੍ਹਾਂ ਦੇ ਅਸਲੀ ਅਸਰ ਦਾ ਪਤਾ ਨਹੀ ਲਗਦਾ।

**ਤੁਸੀ ਕਰ ਕੀ ਸਕਦੇ ਹੋ ?**

ਜਿਹੜੇ ਰਸਾਇਣਕ ਪਦਾਰਥਾਂ ਨਾਲ ਤੁਸੀਂ ਕੰਮ ਕਰਦੇ ਹੋ ਉਨਾਂ ਬਾਰੇ ਪਤਾ ਕਰੋ। ਆਪਣੇ ਕੰਮ ਤੇ ਨੁਕਸਾਨ ਦੇਹ ਪਦਾਰਥ ਜਾਣਕਾਰੀ ਪ੍ਰਣਾਲੀ (WHMIS) ਬਾਰੇ ਪੁਛੋ !

* ਰਸਾਇਣਕ ਪਦਾਰਥ ਨੁਕਸਾਨ ਰੋਕਥਾਮ ਤਰੀਕਿਆਂ ਲਈ ਮੰਗ ਕਰੋ ਜਿਵੇਂ ਕਿ :

#ਘੱਟ ਜਹਿਰੀਲੇ ਰਸਾਇਣਕ ਪਦਾਰਥ ਵਰਤੋ ਬਜਾਏ ਜਿਆਦਾ ਜਹਿਰੀਲਿਆਂ ਦੇ ।

#ਹਵਾ ਬਾਹਰ ਕੱਢਣ ਵਾਲੇ ਪੱਖੇ ਵਿਚ ਸੁਧਾਰ ਕਰੋ।

#ਨਿੱਜੀ ਸੁਰੱਖਿਆ ਵਸਤੂਆਂ ਵਰਤੋ ਜਿਵੇਂ ਦਸਤਾਨੇ।

#ਰਸਾਇਣਕ ਪਦਾਰਥ ਨੂੰ ਵਰਤਣ ਸਮੇਂ ਯੋਗ ਤਰੀਕੇ ਵਰਤੋ।

* ਨਿਜੀ ਸੁਰੱਖਿਅਕ ਸਾਜ-ਸਮਾਨ ਦੀ ਵਰਤੋਂ ਕਰੋ ਜਦ ਭੀ ਦਿਤਾ ਜਾਵੇ।

ਜੇਕਰ ਤਹਾਨੂੰ ਇਸ ਸਬੰਧੀ ਜਿਆਦਾ ਜਾਣਕਾਰੀ ਚਾਹੀਦੀ ਹੋਵੇ ਜਾਂ ਤੁਹਾਨੂੰ ਪੂਰਾ ਯਕੀਨ ਨਾ ਹੋਵੇ ਕਿ ਤੁਸੀ ਸੁਰੱਖਿਅਤ ਹੋ ਤਾਂ MFL Occupational Health Centre ਦੇ ਕਰਿੰਦਿਆਂ ਨਾਲ ਗਲ ਬਾਤ ਕਰੋ।

June 2000